**CLASS : 12th (Sr. Secondary)** **Code No. 4332**

**Series : SS-M/2019**

ਰੋਲ ਨੰ. | | | | | | | | | | |

***SET : B***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਵਿਦਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

StudentSuvidha.com
downloaded from



d PAPERS at StudentSuvidha.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਵਿਸ਼ਵ-ਜੋਤ ਦੇ ਖਿਲਾਰ,

ਦਿਨ ਰਾਤ ਦੇ ਪਿਆਰ,

ਚੰਦ ਤਾਰਿਆਂ ਦੇ ਰਸ 'ਚ ਘੁਲ ਰਹੇ ਹਜ਼ਾਰ ਰੰਗ

ਸ਼ਿਵ-ਅਕਾਸ ਦੇ ਮਹਾਨ ਨੇਤਰਾਂ 'ਚੋ ਵਗਦੀ ਗੰਗ

ਹੇ ਚਿੰਤਨ, ਹੇ ਊਸੇ, ਹੇ ਸੂਰਜ ਦੇ ਰਥ ਸਵਾਰ,

ਮੇਟ ਮੇਰੇ ਅੰਧਕਾਰ

(ਅ) ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ,

ਉੱਗੀ ਵਿੱਚ ਜੋ ਬੇਲੇ।

ਨਾ ਕੋਈ ਮੇਰੀ ਛਾਵੇਂ ਬੈਠੇ,

ਨਾ ਪੱਤ ਖਾਵਣ ਲੇਲੇ।

ਮੈਂ ਰਾਜੇ ਦੀ ਬਰਦੀ ਅੜਿਆ,

ਤੂੰ ਰਾਜੇ ਦਾ ਜਾਇਆ,

ਤੂੰ ਹੀਓ ਦੱਸ ਵੇ ਮੋਹਰਾਂ ਸਾਹਵੇ

ਮੁੱਲ ਕੀ ਖੋਵਣ ਧੇਲੇ ?



StudentSuvidha.com
downloaded from
All NOTES and PAPERS at StudentSuvidha.com

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਮੇਰਾ ਬਚਪਨ

(ਅ) ਮੇਰਾ ਪਤਾ

(ੲ) ਹੁਣ ਘਰਾਂ ਨੂੰ ਪਰਤਣਾ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਰਾਧਾ ਸੰਦੇਸ਼' ਕਵਿਤਾ ਦਾ ਕੇਂਦਰੀ ਭਾਵ ਕੀ ਹੈ ? 2

(ਅ) ਸੰਦ ਅਤੇ ਹਥਿਆਰ ਵਿੱਚ ਕੀ ਫਰਕ ਹੈ ? 2

(ੲ) ਜਾਇਦਾਦ ਕਵਿਤਾ ਵਿੱਚ ਜਾਇਦਾਦ ਕਿਸ ਨੂੰ ਕਿਹਾ ਗਿਆ ਹੈ ? 1

(i) ਪ੍ਰੇਮਿਕਾ ਨੂੰ

(ii) ਪਤਨੀ ਨੂੰ/ਵਿਆਹੀ ਇਸਤਰੀ ਨੂੰ

(iii) ਵਿਧਵਾ ਨੂੰ

(iv) ਦਾਸੀ ਨੂੰ

(ਸ) 'ਜਲ-ਕਣ' ਕਵਿਤਾ ਵਿੱਚ ਜਲ-ਕਣ ਕਿਸ ਦਾ ਪ੍ਰਤੀਕ ਹਨ ? 1

(i) ਵਰਤਮਾਨ ਮਨੁੱਖ ਦਾ (ii) ਅੰਮ੍ਰਿਤ ਦਾ

(iii) ਤ੍ਰੇਲ ਦਾ (iv) ਬੇ-ਵਿਸਵਾਸੀ ਦਾ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਠਾਣੇਦਾਰੀ

(ਅ) ਸਭਿਅਤਾ ਦੇ ਦੋ ਪੱਧਰ

(ੲ) ਸ਼ੀਸ਼ੇ ਸਾਹਮਣੇ



downloaded from StudentSuvidha.com

. ES and PAPERS at StudentSuvidha.com

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਲੇਮਾ ਝੀਲ ਦਾ ਨਜ਼ਾਰਾ ਕਿਹੋ ਜਿਹਾ ਸੀ। ਲੇਖਕ ਨੇ ਇਸ ਨਜਾਰੇ ਦਾ ਅਨੰਦ ਕਿੱਥੇ ਬੈਠ ਕੇ ਲਿਆ? 3

(ਅ) ਲੋਕਗੀਤਾਂ ਦੇ ਭੰਡਾਰ ਨੂੰ ਸੰਭਾਲਣ ਦੀ ਕਿਉਂ ਜਰੂਰਤ ਹੈ? 2

(ੲ) ਬੀਬੀ ਭਾਨੀ ਜੀ ਗੁਰੂ ਅਮਰਦਾਸ ਦੀ ਕਿਸ ਤਰ੍ਹਾਂ ਸੇਵਾ ਕਰਦੇ ਸਨ? 2

(ਸ) 'ਮਲਕ ਭਾਗੋ ਤੇ ਭਾਈ ਲਾਲੋ' ਨਾਮੀ ਸਾਖੀ ਕਿਸ ਦੀ ਰਚਨਾ ਹੈ? 1

(i) ਪ੍ਰੋ. ਪੂਰਨ ਸਿੰਘ

(ii) ਭਾਈ ਵੀਰ ਸਿੰਘ

(iii) ਪ੍ਰੋ. ਸਾਹਿਬ ਸਿੰਘ

(iv) ਭਾਈ ਗੁਰਦਾਸ ਜੀ

**6.** 'ਸ਼ੋਭਾ ਸ਼ਕਤੀ' ਨਾਟਕ ਦੇ ਦੂਸਰੇ ਨਾਟ ਦਾ ਸਾਰ ਲਿਖੋ : 7

**ਜਾਂ**

ਸੋਭਾ ਜਾਂ ਸਾਂਤੀ ਵਿੱਚੋ ਕਿਸੇ ***ਇੱਕ*** ਦਾ ਪਾਤਰ ਚਿੱਤਰਣ ਕਰੋ :

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਸ਼ੋਭਾ ਸ਼ਕਤੀ' ਨਾਟਕ ਦੇ ਪਹਿਲੇ ਨਾਟ ਦੀ ਮੁੱਖ ਘਟਨਾ ਕੀ ਹੈ? 3

(ਅ) ਰਮੇਸ਼ ਸ਼ੋਭਾ ਉੱਤੇ ਕੀ ਦੋਸ਼ ਲਾਉਦਾ ਹੈ? 2

(ੲ) ਤੀਜੇ ਨਾਟ ਦੇ ਅਰੰਭ ਵਿੱਚ ਸ਼ੋਭਾ ਕਿਹੋ ਜੇਹੀ ਵਿਖਾਈ ਦਿੰਦੀ ਹੈ? 2



downloaded from StudentSuvidha.com

Download all NOTES and PAPERS at StudentSuvidha.com

(ਸ) ਰੇਖਾ ਸ਼ੋਭਾ ਦੀ ਕੀ ਲਗਦੀ ਹੈ ? 1

(i) ਧੀ (ii) ਸੱਸ

(iii) ਨੂੰਹ (iv) ਕੁੱਝ ਵੀ ਨਹੀਂ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾ ਬਾਰੇ ਜਾਣਕਾਰੀ ਦਿਉ : 7

(ੳ) ਸ਼ੇਖ ਫਰੀਦ

(ਅ) ਅੰਮ੍ਰਿਤਾ ਪ੍ਰੀਤਮ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਲਿਖੋ :

(i) ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਕਵੀ ਕੌਣ ਹਨ ? 1

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ (ਸ) ਪ੍ਰਿੰ. ਸੁਜਾਨ ਸਿੰਘ

(ii) ਬੁੱਲ੍ਹੇ ਸ਼ਾਹ ਦੇ ਮੁਰਸ਼ਦ ਦਾ ਨਾਂ ਕੀ ਸੀ ? 1

(ੳ) ਖਵਾਜਾ ਕੁਤਬਦੀਨ ਬਖਤਿਆਰ ਕਾਕੀ

(ਅ) ਹਾਫ਼ਿਜ ਮੋਲਾ

(ੲ) ਇਨਾਇਤ ਸਾਹ ਕਾਦਰੀ

(ਸ) ਮੋਲਾ ਬਖੁਸ ਕੁਮਤਾ



StudentSuvidha.com
downloaded from
StudentSuvidha.com

(iii) ਜਪੁਜੀ/ਪੱਟੀ/ਸਿੱਧ ਗੋਸਟਿ, ਦੱਖਣੀ ਤੇ ਅੰਦਾਰ ਕਿਸ ਦੀਆਂ ਰਚਨਾਵਾਂ ਹਨ ? 1

(ੳ) ਗੁਰੂ ਰਾਮ ਦਾਸ ਜੀ

(ਅ) ਗੁਰੂ ਅਰਜ਼ਨ ਦੇਵ ਜੀ

(ੲ) ਗੁਰੂ ਨਾਨਕ ਦੇਵ ਜੀ

(ਸ) ਗੁਰੂ ਅੰਗਦ ਦੇਵ ਜੀ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਕਿਸ ਕਵੀ ਨੂੰ ਪੰਜਾਬੀ ਵਿੱਚ ਵਰਡਜਵਰਥ ਦੀ ਉਪਾਧੀ ਮਿਲੀ ਹੈ ?

(ਅ) ਪ੍ਰੋ. ਮੋਹਨ ਸਿੰਘ ਦਾ ਜਨਮ ਕਦੋਂ ਹੋਇਆ ?

(ੲ) ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਵਾਰਤਕ (ਲੇਖ) ਰਚਨਾ ਕਿਹੜੀ ਹੈ ?

(ਸ) ਅੰਮ੍ਰਿਤਾ ਪ੍ਰੀਤਮ ਨੂੰ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ ?

(ਹ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਦੱਸੋ ?

(ਕ) ਗੁਰ ਬਖ਼ਸ ਸਿੰਘ ਨੇ ਕਿਹੜਾ ਰਸ਼ਾਲਾ (ਮੈਗਜੀਨ) ਕੱਢਿਆ ?

(ਖ) ਬਲਵੰਤ ਗਾਰਗੀ ਦੇ ਕਿਸੇ ਇੱਕ ਰੇਖਾ ਚਿੱਤਰ ਦਾ ਨਾਂ ਦੱਸੋ ?

(ਗ) ਕਰਤਾਰ ਸਿੰਘ ਦੁੱਗਲ ਦਾ ਜਨਮ ਕਦੋਂ ਹੋਇਆ ?

(ਘ) 'ਫਾਲਤੂ ਔਰਤ' ਕਹਾਣੀ ਸੰਗ੍ਰਹਿ ਕਿਸ ਦੀ ਰਚਨਾ ਹੈ ?

(ਙ) ਸੰਤ ਸਿੰਘ ਸੇਖੋ ਦਾ ਦੇਹਾਂਤ ਕਦੋਂ ਹੋਇਆ ?

downloaded from StudentSuvidha.com



...KS at StudentSuvidha.com

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋਂ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਸਹਿਜ ਪੱਕੇ ਸੋ ਮੀਠਾ ਹੋਏ

(ਅ) ਬੁਰੀ ਸੰਗਤ ਨਾਲੋ ਇੱਕਲਾ ਭਲਾ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਬਹੁਤ ਸਾਰੇ ਵਹਿਮ ਸ਼ਗਨਾ-ਅਪਸ਼ਰਾਨਾਂ ਦੇ ਹਨ, ਜਿਨ੍ਹਾਂ ਦਾ ਸੰਬੰਧ ਸਫ਼ਰ ਨਾਲ ਖਾਸ ਹੈ। ਪੁਰਾਣੇ ਵਕਤਾਂ ਵਿੱਚ ਰੇਲਾਂ ਨਹੀਂ ਸਨ, ਨਾ ਹੀ ਕੋਈ ਸਾਫ ਪੱਧਰੀਆਂ ਸੜਕਾਂ ਸਨ। ਇਸ ਲਈ ਸਫ਼ਰ ਬੜਾ ਖਤਰਨਾਕ ਹੁੰਦਾ ਸੀ। ਚੱਲਣ ਲੱਗਿਆ ਹਜਾਰਾ ਤਰ੍ਹਾਂ ਦੀਆਂ ਚੌਕਸੀਆਂ ਕਰਨੀਆਂ ਪੈਂਦੀਆ ਸਨ। ਸੱਜੇ ਖੱਬੇ ਤੱਕ ਕੇ ਤੁਰਨਾ ਪੈਦਾ ਸੀ। ਜੇ ਰਾਧਾ ਖੱਬੇ ਪਾਸੇ ਹੀਂਗੇ ਜਾ ਭਾਰ ਨਾਲ ਲੱਦਿਆ ਮਿਲੇ ਤਾ ਚੰਗਾ। ਜੇ ਉੱਤਰ ਖੱਬੇ ਪਾਸੇ ਬੋਲੇ ਤਾਂ ਮਾੜਾ। ਜੇ ਹਿਰਨਾਂ ਦੀ ਡਾਰ ਖੱਬੇ ਪਾਸੇ ਜਾਂਦੀ ਮਿਲੇ ਤਾਂ ਮਾੜੀ, ਗਿੱਦੜ ਸੱਜੇ ਪਾਸੇ ਦਿਸੇ ਤਾਂ ਚੰਗਾ, ਦੋ ਮਿਲਣ ਤਾਂ ਹੋਰ ਵੀ ਚੰਗਾ। ਕਈ ਵਹਿਮ ਸ਼ਿਕਾਰੀ ਲੋਕਾਂ ਦੇ ਵੀ ਹਨ। ਕਹਿੰਦੇ ਹਨ ਕਿ ਜਨੌਰਾਂ ਵਿੱਚੋਂ ਸਭ ਤੋਂ ਪਹਿਲਾਂ ਘੋੜਾ ਪੈਦਾ ਹੋਇਆ, ਫੇਰ ਹਾਥੀ, ਇਸ ਲਈ ਇਨ੍ਹਾਂ ਤੇ ਕੋਈ ਬਦਸ਼ਗਨੀ ਨਹੀ ਮੰਨਦੇ। ਇਹ ਆਪਣੇ ਮਾਲਕ ਨੂੰ ਅਗੇਤਰੇ ਹੀ ਖਤਰੇ ਦਾ ਪਤਾ ਦਿੰਦੇ ਹਨ। ਜੋ ਘੋੜਾ ਨੱਚਦਾ-ਟੱਪਦਾ ਮਿਲੇ ਤਾਂ ਬਹੁਤ ਚੰਗਾ ਮੰਨਦੇ ਹਨ। ਘੋੜਾ ਖਰੀਦਣ ਜਾਈਏ ਤਾਂ ਵੀ ਇਹ ਕੰਨ ਸਿਰ ਹਿਲਾ ਕੇ ਜਾ ਖੁਰ ਮਾਰ ਕੇ ਦੱਸ ਦਿੰਦਾ ਹੈ ਕਿ ਸੌਦਾ ਚੰਗਾ ਹੈ ਜਾ ਮੰਦਾ।

downloaded from StudentSuvidha.com



NOTES and PAPERS at StudentSuvidha.com